## ਤਿਆਰ ਕਰਤਾ: ਸਟੇਟ ਰਿਸੋਰਸ ਗਰੁੱਪ (ਪੰਜਾਬੀ)

**ਦਸੰਬਰ ਪਾਠਕ੍ਰਮ ਜਮਾਤ : 10+1 ਵਿਸ਼ਾ : ਪੰਜਾਬੀ ਲਾਜ਼ਮੀ**

# ਬੁਝਾਰਤਾਂ

### ਵਸਤੂਨਿਸ਼ਠ ਪ੍ਰਸ਼ਨ

ਪ੍ਰਸ਼ਨ 1. ਬੁਝਾਰਤ ਦੀ ਸ਼ੈਲੀ ਕਿਹੋ ਜਿਹੀ ਹੁੰਦੀ ਹੈ?
ਉੱਤਰ - ਸੂਤ੍ਰਿਕ
ਪ੍ਰਸ਼ਨ 2. ਕਿਹੜਾ ਲੋਕ-ਸਾਹਿਤ ਗਦ ਅਤੇ ਪਦ ਦੋਹਾਂ ਰੂਪਾਂ ਵਿੱਚ ਮਿਲਦਾ ਹੈ?
ਉੱਤਰ - ਬੁਝਾਰਤ
ਪ੍ਰਸ਼ਨ 3. ਮਨੁੱਖ ਆਪਣੇ ਜੀਵਨ ਦੀਆਂ ਗੁੰਝਲਾਂ ਨੂੰ ਕਿਸ ਤਰ੍ਹਾਂ ਖੋਲ੍ਹਣ ਦੇ ਸਮਰੱਥ ਹੁੰਦਾ ਹੈ?
ਉੱਤਰ - ਬੁਝਾਰਤਾਂ ਬੁੱਝ ਕੇ
ਪ੍ਰਸ਼ਨ 4. ਪ੍ਰਕਿਰਤੀ ਪੱਖੋਂ ਬੁਝਾਰਤਾਂ ਕਿੰਨੀ ਪ੍ਰਕਾਰ ਦੀਆਂ ਹੁੰਦੀਆਂ ਹਨ ?
ਉੱਤਰ - ਤਿੰਨ
ਪ੍ਰਸ਼ਨ 5. ਬੁਝਾਰਤਾਂ ਪੁੱਛਣ ਦਾ ਸਮਾਂ ਕਿਹੜਾ ਹੁੰਦਾ ਹੈ?
ਉੱਤਰ- ਰਾਤ ਨੂੰ ਸੌਣ ਤੋਂ ਪਹਿਲਾਂ

### ਖ਼ਾਲੀ ਥਾਵਾਂ ਭਰੋ

1. ਨਿੱਕੀ ਜਿਹੀ ਕੁੜੀ.......।
2. ਸਾਵਣ ਭਾਦੋਂ ਬਹੁਤ ਚਲਤ ਹੈ........ ਵਿੱਚ ਥੋੜ੍ਹੀ।

3. ..........................
ਚੱਲ ਮੇਰੀ ਬੱਕਰੀ ਕੱਲ੍ਹ ਵਾਲੀ ਥਾਂ।
4. ਬੁਝਾਰਤ ਦਾ ਉੱਤਰ ਉਸ ਦੇ....... ਵਿੱਚ ਲੁਕਿਆ ਹੁੰਦਾ ਹੈ।
5. ਨਿੱਕੀ ਜਿਹੀ ਕੌਲੀ ,.......ਜਾ ਬੋਲੀ।

### ਸਹੀ/ਗ਼ਲਤ ਦੱਸੋ

1. ਬੁਝਾਰਤ ਤੋਂ ਭਾਵ ਬੁੱਝਣ ਯੋਗ ਇਬਾਰਤ ਤੋਂ ਹੈ। ਸਹੀ/ਗ਼ਲਤ
2. ਬੁਝਾਰਤਾਂ ਲੋਕ ਸਾਹਿਤ ਦਾ ਵੱਡਾ ਖਜ਼ਾਨਾ ਹਨ। ਸਹੀ/ਗ਼ਲਤ
3. ਬੁਝਾਰਤਾਂ ਅਰਥ ਕਰਨ ਲਈ ਨਹੀਂ ਹੁੰਦੀਆਂ ਸਗੋਂ ਬੁੱਝਣ ਲਈ ਹੁੰਦੀਆਂ ਹਨ। ਸਹੀ/ਗ਼ਲਤ
4. ਕਾਵਿ ਪਦ ਰੂਪ ਬੁਝਾਰਤ ਦੀਆਂ ਸਤਰਾਂ ਵਿੱਚ ਤੁਕਾਂਤ ਮੇਲ ਹੁੰਦਾ ਹੈ। ਸਹੀ/ਗ਼ਲਤ
5. ਬੁਝਾਰਤਾਂ ਦਿਨ ਸਮੇਂ ਪੁੱਛੀਆਂ ਜਾਂਦੀਆਂ ਹਨ। ਸਹੀ/ਗ਼ਲਤ

## ਅਭਿਆਸ ਦੇ ਪ੍ਰਸ਼ਨ

**ਪ੍ਰਸ਼ਨ 1. ਬੁਝਾਰਤ ਤੋਂ ਕੀ ਭਾਵ ਹੈ ?**

ਉੱਤਰ - ਬੁਝਾਰਤ ਤੋਂ ਭਾਵ ਬੁੱਝਣ ਯੋਗ ਇਬਾਰਤ ਤੋਂ ਹੈ। ਇਸ ਵਿੱਚ ਜੀਵਨ ਦੇ ਕਿਸੇ ਪੱਖ ਨੂੰ ਸੂਤ੍ਰਿਕ ਸ਼ੈਲੀ ਰਾਹੀਂ ਅੜਾਉਣੀ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਸ ਨਾਲ਼ ਮਨੁੱਖ ਦੀ ਸੂਝ-ਬੂਝ ਅਤੇ ਦਿਮਾਗ਼ੀ ਚੁਸਤੀ ਫੁਰਤੀ ਦੀ ਪਰਖ ਕੀਤੀ ਜਾਂਦੀ ਹੈ।

**ਪ੍ਰਸ਼ਨ 2. ਬੁਝਾਰਤਾਂ ਦੀਆਂ ਮੂਲ ਕਿਸਮਾਂ ਬਾਰੇ ਦੱਸੋ।**

ਉੱਤਰ - ਬੁਝਾਰਤਾਂ ਦੀਆਂ ਦੋ ਮੂਲ ਕਿਸਮਾਂ ਹਨ- ਪਦ (ਕਾਵਿ) ਰੂਪ ਅਤੇ ਗਦ (ਵਾਰਤਕ) ਰੂਪ। ਪਦ ਰੂਪ ਵਾਲ਼ੀ ਬੁਝਾਰਤ ਦੀਆਂ ਸਤਰਾਂ ਦੇ ਅੰਤ ਵਿੱਚ ਤੁਕਾਂਤ ਮੇਲ ਹੁੰਦਾ ਹੈ, ਪਰ ਗਦ ਰੂਪ ਵਿੱਚ ਅਜਿਹਾ ਨਹੀਂ ਹੁੰਦਾ।

**ਪ੍ਰਸ਼ਨ 3 ਬੁਝਾਰਤਾਂ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ ?**

ਉੱਤਰ - ਬੁਝਾਰਤਾਂ ਦਾ ਬਚਪਨ ਦੀ ਅਣਭੋਲ ਅਵਸਥਾ ਤੋਂ ਲੈ ਕੇ ਬੁਢਾਪੇ ਦੇ ਅੰਤਮ ਚਰਨ ਤੱਕ ਦੇ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਨੁੱਖ ਆਪਣੇ ਜੀਵਨ ਭਰ ਵਿੱਚ ਆਉਣ ਵਾਲ਼ੀਆਂ ਗੁੰਝਲਾਂ ਨੂੰ ਤਦ ਹੀ ਖੋਲ੍ਹਣ ਦੇ ਸਮਰੱਥ ਹੁੰਦਾ ਹੈ, ਜੇਕਰ ਉਹ ਪਹਿਲਾਂ ਬੁਝਾਰਤਾਂ ਨੂੰ ਸਮਝਣ ਤੇ ਬੁੱਝਣ ਦੇ ਸਮਰੱਥ ਹੋ ਗਿਆ ਹੋਵੇ।

**ਪ੍ਰਸ਼ਨ 4 ਬੁਝਾਰਤਾਂ ਕਿਸੇ ਸੱਭਿਆਚਾਰ ਦੇ ਸੁਹਜਮਈ ਪੱਖ ਨੂੰ ਕਿਵੇਂ ਉਜਾਗਰ ਕਰਦੀਆਂ ਹਨ?**

ਉੱਤਰ - ਬੁਝਾਰਤਾਂ ਕਿਸੇ ਸੱਭਿਆਚਾਰ ਦੇ ਸੁਹਜਮਈ ਪੱਖ ਨੂੰ ਰੌਚਕ ਤਰੀਕੇ ਨਾਲ਼ ਪੇਸ਼ ਕਰਦੀਆਂ ਹਨ। ਇਹ ਬਹੁਤ ਸਾਰੇ ਦ੍ਰਿਸ਼ ਚਿਤਰਾਂ ਰਾਹੀਂ ਅਲੋਕਾਰ ਕਿਸਮ ਦੇ ਬਿੰਬ ਵੀ ਉਭਾਰਦੀਆਂ ਹਨ, ਜਿਵੇਂ ਹੇਠਾਂ ਲਿਖੀ ਬੁਝਾਰਤ ਵਿੱਚ 'ਅਸਮਾਨ' ਨੂੰ ਲੱਭਣ ਲਈ ਅਲੋਕਾਰ ਬਿੰਬ ਪੇਸ਼ ਕੀਤਾ ਗਿਆ ਹੈ -

ਇੱਕ ਥਾਲ ਮੋਤੀਆਂ ਭਰਿਆ,
ਸਭ ਦੇ ਸਿਰ 'ਤੇ ਹੈ ਉਲਟਾ ਧਰਿਆ,
ਚਾਰੇ ਪਾਸੇ ਥਾਲ ਉਹ ਫ਼ਿਰੇ,
ਮੋਤੀ ਉਸ ਵਿੱਚੋਂ ਕੋਈ ਨਾ ਕਿਰੇ।

**ਪ੍ਰਸ਼ਨ 5 ਬੁਝਾਰਤਾਂ ਨੂੰ ਬੁੱਝਣ ਅਤੇ ਪੁੱਛਣ ਦਾ ਸਮਾਂ ਕਿਹੜਾ ਹੁੰਦਾ ਹੈ?**

ਉੱਤਰ - ਬੁਝਾਰਤਾਂ ਨੂੰ ਬੁੱਝਣ ਅਤੇ ਪੁੱਛਣ ਦਾ ਸਮਾਂ ਰਾਤ ਨੂੰ ਸੌਣ ਤੋਂ ਪਹਿਲਾਂ ਦਾ ਹੁੰਦਾ ਹੈ। ਦਿਨ ਸਮੇਂ ਬੁਝਾਰਤਾਂ ਨਹੀਂ ਪਾਈਆ ਜਾਂਦੀਆਂ। ਮਿੱਥ ਹੈ ਕਿ ਦਿਨ ਸਮੇਂ ਬੁਝਾਰਤਾਂ ਪਾਉਣ ਨਾਲ਼ ਮਾਮਾ ਰਾਹ ਭੁੱਲ ਜਾਂਦਾ ਹੈ।

# ਹੀਰ ਰਾਂਝਾ

ਪ੍ਰਸ਼ਨ 1 ਪ੍ਰੀਤ-ਕਥਾਵਾਂ ਪੰਜਾਬੀ ਸਾਹਿਤ ਦੇ ਕਿਹੜੇ ਰੂਪ ਦਾ ਵਿਸ਼ਾ-ਵਸਤੂ ਬਣੀਆਂ?

ੳ. ਕਿੱਸਾ ਸਾਹਿਤ ਦਾ   ਅ. ਸੂਫ਼ੀ ਸਾਹਿਤ ਦਾ

ੲ. ਗੁਰਮਤਿ ਸਾਹਿਤ ਦਾ   ਸ. ਆਧੁਨਿਕ ਸਾਹਿਤ ਦਾ

ਪ੍ਰਸ਼ਨ 2 ਕਿਹੜੀ ਪ੍ਰੀਤ-ਕਹਾਣੀ ਨੂੰ ਬਿਆਨ ਕਰ ਕੇ ਵਾਰਸ ਸ਼ਾਹ ਹਰਮਨ ਪਿਆਰਾ ਹੋ ਗਿਆ ?

ੳ. ਸੱਸੀ ਪੁੰਨੂੰ   ਅ . ਹੀਰ ਰਾਂਝਾ

ੲ. ਸੋਹਣੀ ਮਹੀਂਵਾਲ   ਸ. ਮਿਰਜ਼ਾ ਸਾਹਿਬਾਂ

ਪ੍ਰਸ਼ਨ 3. ਹੀਰ ਰਾਂਝੇ ਦੀ ਪ੍ਰੀਤ-ਕਹਾਣੀ ਵਿੱਚ ਕਿਹੜੇ ਦਰਿਆ ਦਾ ਜ਼ਿਕਰ ਹੈ ?

ੳ. ਸਤਲੁਜ   ਅ. ਬਿਆਸ

ੲ. ਝਨਾਂ   ਸ. ਤਾਪਤੀ

ਪ੍ਰਸ਼ਨ 4 ਮੌਜੂ ਦੇ ਕਿੰਨੇ ਪੁੱਤਰ ਸਨ ?

ੳ. ਅੱਠ   ਅ. ਸੱਤ

ੲ. ਪੰਜ   ਸ. ਇੱਕ

ਪ੍ਰਸ਼ਨ 5 ਹੀਰ ਦਾ ਕਿਸ ਨਾਲ਼ ਪਿਆਰ ਪਿਆ ?

ੳ. ਮਹੀਂਵਾਲ ਨਾਲ਼   ਅ. ਰਾਂਝੇ ਨਾਲ਼

ੲ. ਪੁੰਨੂੰ ਨਾਲ਼   ਸ. ਮਿਰਜ਼ੇ ਨਾਲ਼

ਪ੍ਰਸ਼ਨ 6  ਹੀਰ ਨੇ ਰਾਂਝੇ ਨੂੰ ਆਪਣੇ ਪਿਓ ਤੋਂ ਕਿਹੜੀ ਨੌਕਰੀ ਦੁਆਈ ?

ੳ. ਮੱਝਾਂ ਦੇ ਚਾਰੂ ਦੀ   ਅ. ਚੌਂਕੀਦਾਰ ਦੀ

ੲ. ਬੇਲਦਾਰ ਦੀ   ਸ. ਅਧਿਆਪਕ ਦੀ

ਪ੍ਰਸ਼ਨ 7 ਰਾਂਝੇ ਨੇ ਕਿੰਨੇ ਸਾਲ ਹੀਰ ਦੇ ਪਿਉ ਦੀਆਂ ਮੱਝਾਂ ਚਾਰੀਆਂ ?

ੳ.  ਪੰਜ ਸਾਲ   ਅ. ਬਾਰਾਂ ਸਾਲ

ੲ.  ਸੱਤ ਸਾਲ   ਸ. ਦੋ ਸਾਲ

ਪ੍ਰਸ਼ਨ 8 ਰਾਂਝਾ ਹੀਰ ਨੂੰ ਮਿਲਣ ਲਈ ਕਿਹੜੇ ਭੇਸ ਵਿੱਚ ਹੀਰ ਦੇ ਪਿੰਡ ਪੁੱਜਾ ?

ੳ. ਸਾਧੂ ਦੇ ਭੇਸ ਵਿੱਚ   ਅ. ਬਹੁਰੂਪੀਏ ਦੇ ਭੇਸ ਵਿੱਚ

ੲ. ਦੇਵਤੇ ਦੇ ਭੇਸ ਵਿੱਚ   ਸ. ਜੋਗੀ ਦੇ ਭੇਸ ਵਿੱਚ

ਪ੍ਰਸ਼ਨ 9 ਹੀਰ ਦੀ ਨਨਾਣ ਦਾ ਕੀ ਨਾਂ ਸੀ ?

ੳ.  ਸਹਿਤੀ   ਅ. ਸੱਸੀ

ੲ.  ਸ਼ੀਰੀਂ   ਸ. ਸੋਹਣੀ

ਪ੍ਰਸ਼ਨ 10  ਹੀਰ ਨੂੰ ਜ਼ਹਿਰ ਕਿਸ ਨੇ ਦਿੱਤੀ ?

ੳ. ਚੂਚਕ ਨੇ   ਅ.ਹੀਰ ਦੇ ਚਾਚੇ ਕੈਦੋਂ ਨੇ

ੲ. ਸੈਦੇ ਨੇ   ਸ. ਕਾਜ਼ੀ ਨੇ

ਉੱਤਰ  1.ੳ  2. ਅ  3. ੲ  4.ੳ  5.ਅ  6.ੳ  7.ਅ  8.ਸ  9. ੳ  10. ਸ

## ਸਹੀ/ਗ਼ਲਤ ਦੱਸੋ

1. ਹੀਰ-ਰਾਂਝੇ ਦਾ ਪਹਿਲੀ ਤੱਕਣੀ ਵਿੱਚ ਹੀ ਪਿਆਰ ਪੈ ਗਿਆ। ਸਹੀ/ਗ਼ਲਤ
2. ਰਾਂਝੇ ਹੋਰੀਂ ਅੱਠ ਭਰਾ ਸਨ। ਸਹੀ/ਗ਼ਲਤ
3. ਚੂਚਕ ਝੰਗ ਸਿਆਲਾਂ ਵਿੱਚ ਰਹਿੰਦਾ ਸੀ। ਸਹੀ/ਗ਼ਲਤ
4. ਹੀਰ ਰਾਂਝੇ ਦੀ ਮਾਮੇ ਦੀ ਧੀ ਸੀ । ਸਹੀ/ਗ਼ਲਤ

### ਖ਼ਾਲੀ ਥਾਵਾਂ ਭਰੋ

1. ਹੀਰ ਰਾਂਝਾ ਇੱਕ....... ਕਥਾ ਹੈ।
2. 'ਜਾਹ ਦੇਖਾਂ 'ਗੀਆਂ ਜਦੋਂ ਤੂੰ ਸਿਆਲਾਂ ਦੀ...... ਵਿਆਹ ਕੇ ਲਿਆਵੇਂਗਾ?'
3. ਹੀਰ ਦੇ ਚਾਚੇ ਕੈਦੋਂ ਨੇ ਉਸ ਨੂੰ.......ਦੇ ਦਿੱਤੀ।
4. ਰਾਂਝਾ ਤਖ਼ਤ ਹਜ਼ਾਰੇ ਦੇ .......ਦਾ ਪੁੱਤਰ ਸੀ।

# ਮਿਰਜ਼ਾ ਸਾਹਿਬਾਂ

## ਵਸਤੂਨਿਸ਼ਠ ਪ੍ਰਸ਼ਨ

ਪ੍ਰਸ਼ਨ 1. ਪੰਜਾਬੀਆਂ ਦੇ ਪ੍ਰੇਮ ਭਾਵ ਦੇ ਜਜ਼ਬੇ ਨੂੰ ਕਿੰਨ੍ਹਾਂ ਲੋਕ-ਕਥਾਵਾਂ ਰਾਹੀਂ ਪ੍ਰਗਟਾਵਾ ਮਿਲਿਆ ਹੈ ?

ੳ. ਪ੍ਰੀਤ-ਕਥਾਵਾਂ ਰਾਹੀਂ ਅ. ਨੀਤੀ-ਕਥਾਵਾਂ ਰਾਹੀਂ

ੲ. ਦੰਤ-ਕਥਾਵਾਂ ਰਾਹੀਂ ਸ. ਪਰੀ-ਕਥਾਵਾਂ ਰਾਹੀਂ

ਪ੍ਰਸ਼ਨ 2. ਸਾਹਿਬਾਂ ਦੇ ਪਿਤਾ ਦਾ ਕੀ ਨਾਂ ਸੀ ?

ੳ. ਵੰਝਲ ਅ. ਕਰਮੂ

ੲ. ਖੀਵਾ ਖਾਨ ਸ. ਮੌਜਮ

ਪ੍ਰਸ਼ਨ 3. ਮਿਰਜ਼ੇ ਦਾ ਪਿੰਡ ਕਿਹੜਾ ਸੀ?

ੳ. ਦਾਨਾਬਾਦ ਅ. ਝੰਗ ਸਿਆਲ

ੲ. ਰੰਗਪੁਰ ਸ. ਤਖ਼ਤ ਹਜ਼ਾਰਾ

ਪ੍ਰਸ਼ਨ 4. ਸਾਹਿਬਾਂ ਮਿਰਜ਼ੇ ਦੀ ਰਿਸ਼ਤੇ ਵਿੱਚ ਕੀ ਲਗਦੀ ਸੀ ?

ੳ. ਚਾਚੇ ਦੀ ਧੀ ਅ. ਮਾਮੇ ਦੀ ਧੀ

ੲ. ਤਾਏ ਦੀ ਧੀ ਸ . ਭੂਆ ਦੀ ਧੀ

ਪ੍ਰਸ਼ਨ 5. ਮਿਰਜ਼ਾ ਕਿੱਥੇ ਰਹਿੰਦਾ ਸੀ?

ੳ. ਨਾਨਕਿਆਂ ਦੇ ਪਿੰਡ ਅ. ਭੂਆ ਦੇ ਪਿੰਡ

ੲ. ਮਾਸੀ ਦੇ ਪਿੰਡ ਸ. ਰਾਣੀ ਕੋਕਲਾਂ ਦੇ ਪਿੰਡ

ਪ੍ਰਸ਼ਨ 6. ਸਾਹਿਬਾਂ ਨੇ ਮਿਰਜ਼ੇ ਨੂੰ ਕਿਸ ਹੱਥ ਆਪਣੇ ਵਿਆਹ ਬਾਰੇ ਸੁਨੇਹਾ ਦਿੱਤਾ ?

ੳ. ਚੰਧੜ ਹੱਥ ਅ. ਕਰਮੂ ਹੱਥ

ੲ. ਕਾਜ਼ੀ ਹੱਥ ਸ. ਮੌਜੂ ਹੱਥ

**ਉੱਤਰ ਕੁੰਜੀ: 1.ੳ 2.ੲ 3.ੳ 4.ਅ 5.ੳ 6.ਅ**

## ਸਹੀ/ਗ਼ਲਤ ਦੱਸੋ

1. ਸਾਹਿਬਾਂ ਦਾ ਪਿਤਾ ਖੀਵਾ ਖਾਨ, ਖੀਵਾ ਮਾਹਣੀ ਦਾ ਸਰਦਾਰ ਸੀ। ਸਹੀ/ਗ਼ਲਤ
2. ਮਿਰਜ਼ਾ ਵੰਝਲ ਦਾ ਪੁੱਤਰ ਸੀ। ਸਹੀ/ਗ਼ਲਤ
3. ਮਿਰਜ਼ਾ ਸਾਹਿਬਾਂ ਨੂੰ ਲੈ ਕੇ ਦਾਨਾਬਾਦ ਪਹੁੰਚ ਗਿਆ। ਸਹੀ/ਗ਼ਲਤ
4. ਮਿਰਜ਼ਾ ਜੰਡ ਹੇਠ ਮਾਰਿਆ ਗਿਆ। ਸਹੀ/ਗ਼ਲਤ
5. ਮਿਰਜ਼ੇ ਦੇ ਕਮਾਨ ਤੇ ਤੀਰ ਸਾਹਿਬਾਂ ਨੇ ਟਾਹਲੀ ਉੱਤੇ ਟੰਗ ਦਿੱਤੇ। ਸਹੀ/ਗ਼ਲਤ

## ਖ਼ਾਲੀ ਥਾਵਾਂ ਭਰੋ

1.ਮਿਰਜ਼ੇ ਦਾ ਜਨਮ...... ਵਿੱਚ ਵੰਝਲ ਦੇ ਘਰ ਹੋਇਆ।

2. ਸਾਹਿਬਾਂ ਮਿਰਜ਼ੇ ਦੇ...... ਦੀ ਧੀ ਸੀ ।

3. ਸਾਹਿਬਾਂ ਨੇ........ ਨਾਂ ਦੇ ਬ੍ਰਾਹਮਣ ਹੱਥ ਮਿਰਜ਼ੇ ਵੱਲ ਸੁਨੇਹਾ ਭੇਜਿਆ।

4. ਸਾਹਿਬਾਂ ਨੇ ਮਿਰਜ਼ੇ ਦਾ ਤੀਰਾਂ ਵਾਲ਼ਾ...... ਅਤੇ ਕਮਾਨ ਜੰਡ ਉੱਤੇ ਟੰਗ ਦਿੱਤੇ।

## ਸੱਦਾ-ਪੱਤਰ

### ਸਲਾਨਾ ਸਮਾਗਮ

ਆਪ ਜੀ ਨੂੰ ਇਹ ਦੱਸਦਿਆਂ ਬਹੁਤ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੋਖਰ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਦਿਅਕ ਖੇਤਰ ਵਿੱਚ ਬੇਹੱਦ ਤਰੱਕੀਆਂ ਕਰ ਰਿਹਾ ਹੈ। ਸਕੂਲ ਦਾ ਸਾਲਾਨਾ ਸਮਾਗਮ ਮਿਤੀ 15.12.20 ਨੂੰ ਸਵੇਰੇ 10:00 ਵਜੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਮਾਣਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ੍ਰੀ ਮੁਕਤਸਰ ਸਾਹਿਬ ਕਰਨਗੇ। ਇਸ ਮੌਕੇ 'ਤੇ ਬੋਰਡ ਪਰੀਖਿਆਵਾਂ ਦੀ ਮੈਰਿਟ ਵਿੱਚ ਆਉਣ ਵਾਲ਼ੇ, ਖੇਡਾਂ ਅਤੇ ਸਹਿ ਗਤੀਵਿਧੀਆਂ ਵਿੱਚ ਮੱਲਾਂ ਮਾਰਨ ਵਾਲ਼ੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ’ਤੇ ਵਿਦਿਆਰਥੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ।

ਬੇਨਤੀ ਕਰਤਾ:<br>ਪ੍ਰਿੰਸੀਪਲ ਅਤੇ ਸਮੂਹ ਸਟਾਫ਼<br>ਸਸਸਸ ਖੋਖਰ (ਸ੍ਰੀ ਮੁਕਤਸਰ ਸਾਹਿਬ)

### ਸਟੂਡੀਓ ਦਾ ਮਹੂਰਤ

ਆਪ ਜੀ ਨੂੰ ਇਹ ਦੱਸਦਿਆਂ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਅਸੀਂ ਫੋਟੋਗ੍ਰਾਫ਼ੀ ਅਤੇ ਵੀਡੀਓਗ੍ਰਾਫ਼ੀ ਲਈ ਬੈਂਕ ਬਜ਼ਾਰ, ਰਾਮਾਂ ਮੰਡੀ, ਜ਼ਿਲ੍ਹਾ ਬਠਿੰਡਾ ਵਿਖੇ ਕਪਿਲ ਸਟੂਡੀਓ ਮਿਤੀ 12.12.2020 ਨੂੰ ਖੋਲ੍ਹਣ ਜਾ ਰਹੇ ਹਾਂ। ਆਪ ਜੀ ਨੂੰ ਮਹੂਰਤ ਮੌਕੇ ਪਰਿਵਾਰ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

ਸ਼ੁੱਭ ਮਹੂਰਤ: 10:00 ਵਜੇ<br>ਚਾਹ ਪਾਰਟੀ ਨਾਲ਼ੋ-ਨਾਲ਼

ਬੇਨਤੀ ਕਰਤਾ:<br>ਕਪਿਲ ਕੁਮਾਰ<br>ਮਲਕੀਤ ਚੋਪੜਾ

### ਸੱਭਿਆਚਾਰਕ ਪ੍ਰੋਗਰਾਮ

ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ, ਤਲਵੰਡੀ ਸਾਬੋ ਦੇ ਸਹਿਯੋਗ ਨਾਲ਼ ਮਾਲਵਾ ਵੈੱਲਫੇਅਰ ਕਲੱਬ ਬੰਗੀ ਨਿਹਾਲ ਸਿੰਘ (ਬਠਿੰਡਾ) ਵੱਲੋਂ ਮਿਤੀ 14.12.20 ਨੂੰ ਸ਼ਾਮੀਂ 6:00 ਵਜੇ ਅਜਮੇਰ ਸਿੰਘ ਔਲਖ ਦੁਆਰਾ ਲਿਖੇ ਅਤੇ ਕੀਰਤੀ ਕਿਰਪਾਲ ਦੁਆਰਾ ਨਿਰਦੇਸ਼ਿਤ ਕੀਤੇ ਨਾਟਕ ‘ਅਵੇਸਲੇ ਯੁੱਧਾਂ ਦੀ ਨਾਇਕਾ’ ਦਾ ਮੰਚਨ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ’ਤੇ ਵੱਖ-ਵੱਖ ਕਲਾਕਾਰਾਂ ਵੱਲੋਂ ਕਵੀਸ਼ਰੀ, ਕੋਰੀਓਗ੍ਰਾਫ਼ੀ, ਸਕਿੱਟ ਆਦਿ ਵੀ ਪੇਸ਼ ਕੀਤੇ ਜਾਣਗੇ। ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ ਸ਼ਾਇਰ ਡਾ. ਸੁਰਜੀਤ ਪਾਤਰ ਇਸ ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣਗੇ।

ਉਡੀਕਵਾਨ<br>ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ,<br>ਮਾਲਵਾ ਵੈੱਲਫੇਅਰ ਕਲੱਬ ਬੰਗੀ ਨਿਹਾਲ ਸਿੰਘ,<br>ਗਰਾਮ ਪੰਚਾਇਤ,<br>ਬੰਗੀ ਨਿਹਾਲ ਸਿੰਘ (ਬਠਿੰਡਾ)

# ਦਫ਼ਤਰੀ ਸ਼ਬਦਾਵਲੀ

**ਪ੍ਰਸ਼ਨ 1 :– 'Maintenance Allowance' ਸ਼ਬਦ ਦਾ ਪੰਜਾਬੀ ਸਮਾਨਅਰਥੀ ਸ਼ਬਦ ਦੱਸੋ ।**

ੳ ਭੱਤਾ

ਅ ਮੁਰੰਮਤ ਭੱਤਾ

ੲ ਨਿਰਬਾਹ ਭੱਤਾ

ਸ ਬਿਜਲੀ ਭੱਤਾ

**ਪ੍ਰਸ਼ਨ 2 :–'Notification' ਸ਼ਬਦ ਦਾ ਪੰਜਾਬੀ ਪਰਿਆਈ ਰੂਪੀ ਸ਼ਬਦ ਚੁਣੋ ।**

ੳ ਸੱਦਾ ਪੱਤਰ

ਅ ਵਿਆਹ ਦਾ ਸੱਦਾ

ੲ ਮੌਤ ਦੀ ਸੂਚਨਾ

ਸ ਅਧਿਸੂਚਨਾ

**ਪ੍ਰਸ਼ਨ 3 :– 'Urgent' ਸ਼ਬਦ ਦਾ ਪੰਜਾਬੀ ਰੂਪ ਲਿਖੋ ।**

ੳ ਕੱਪੜੇ ਧੋਣ ਵਾਲ਼ਾ ਸੋਡਾ

ਅ ਦੇਵਤਾ

ੲ ਜ਼ਰੂਰੀ

ਸ ਗੈਰ–ਜ਼ਰੂਰੀ

**ਪ੍ਰਸ਼ਨ 4 :– 'Query' ਸ਼ਬਦ ਦਾ ਪੰਜਾਬੀ ਰੂਪ ਲਿਖੋ ।**

ੳ ਕੱਚਾ

ਅ ਪੱਕਾ

ੲ ਪੁੱਛ–ਗਿੱਛ

ਸ ਭੇਜਣਾ

**ਪ੍ਰਸ਼ਨ 5 :- 'Warrenty' ਸ਼ਬਦ ਦਾ ਪੰਜਾਬੀ ਸ਼ਬਦ ਰੂਪ ਦੱਸੋ ।**

ੳ ਵਸਤੂ ਦੇ ਖਰੇ ਹੋਣ ਦੀ ਤਸਦੀਕ

ਅ ਵਸਤੂ ਦੇ ਘਟੀਆ ਹੋਣ ਦੀ ਤਸਦੀਕ

ੲ ਵਸਤੂ ਨੂੰ ਵਾਪਿਸ ਕਰਨਾ

ਸ ਵਸਤੂ ਨੂੰ ਨਕਾਰਨਾ

**ਉੱਤਰ :- 1 (ੲ) 2 (ਸ) 3 (ੲ) 4 (ੲ) 5 (ੳ)**

**ਪ੍ਰਸ਼ਨ 6 :- 'Xerox ' ਸ਼ਬਦ ਦਾ ਪੰਜਾਬੀ ਸਮਾਨਅਰਥੀ ਸ਼ਬਦ ਦੱਸੋ ।**

ਉੱਤਰ : ਫੋਟੋ ਸਟੇਟ

**ਪ੍ਰਸ਼ਨ 7 :- 'Veledictory' ਸ਼ਬਦ ਨੂੰ ਪੰਜਾਬੀ ਭਾਸ਼ਾ ਵਿੱਚ ਕੀ ਕਹਿੰਦੇ ਹਨ ?**

ਉੱਤਰ : ਵਿਦਾਇਗੀ ਭਾਸ਼ਨ

**ਪ੍ਰਸ਼ਨ 8 :- 'Probation' ਸ਼ਬਦ ਦਾ ਪੰਜਾਬੀ ਰੂਪ ਲਿਖੋ ।**

ਉੱਤਰ : ਅਜ਼ਮਾਇਸ਼

**ਪ੍ਰਸ਼ਨ 9 :- 'Top-secret' ਸ਼ਬਦ ਦਾ ਪੰਜਾਬੀ ਭਾਸ਼ਾ ਵਿੱਚ ਅਰਥ ਦੱਸੋ ।**

ਉੱਤਰ : ਅਤਿ-ਗੁਪਤ

**ਪ੍ਰਸ਼ਨ 10 :- 'Sanction' ਸ਼ਬਦ ਦਾ ਪੰਜਾਬੀ ਰੂਪ ਲਿਖੋ ।**

ਉੱਤਰ : ਮੰਨਜ਼ੂਰੀ

# ਮੁਹਾਵਰੇ

1. 'ਰੱਤ ਖੌਲਣ ਲੱਗਣੀ' ਮੁਹਾਵਰੇ ਦੇ ਸਹੀ ਅਰਥ ਕਿਹੜੇ ਹਨ?

(ੳ) ਖ਼ੂਨ ਦਾ ਉਬਾਲ਼ਾ ਮਾਰਨਾ (ਅ) ਬੜਾ ਗੁੱਸਾ ਆ ਜਾਣਾ

(ੲ) ਜੋਸ਼ ਵਿੱਚ ਆ ਜਾਣਾ (ਸ) ਆਪਣਾ ਆਪਾ ਖੋਹਣਾ

2. 'ਖ਼ੁਸ਼ ਹੋਣਾ' ਅਰਥਾਂ ਨਾਲ਼ ਸਬੰਧਿਤ ਢੁਕਵਾਂ ਮੁਹਾਵਰਾ ਚੁਣੋ:-

(ੳ) ਮੂੰਹ 'ਤੇ ਹਵਾਈਆਂ ਉੱਡਣੀਆਂ (ਅ) ਬਾਤ ਪੁੱਛਣੀ

(ੲ) ਵਾਛਾਂ ਖਿੜ ਜਾਣੀਆਂ (ਸ) ਦਿਲ 'ਤੇ ਲਾਉਣਾ

3. ਰੰਗ ਵਿੱਚ ................ ਮੁਹਾਵਰਾ ਪੂਰਾ ਕਰੋ:-

(ੳ) ਰੰਗ ਪਾਉਣਾ (ਅ) ਪਾਣੀ ਪਾਉਣਾ

(ੲ) ਬੁਰਸ਼ ਪਾਉਣਾ (ੲ) ਭੰਗ ਪਾਉਣਾ

4. '.......... ਢਿੱਲੀ ਛੱਡ ਦੇਣੀ' ਮੁਹਾਵਰਾ ਪੂਰਾ ਕਰੋ:-

(ੳ) ਰੱਸੀ (ਅ) ਡੋਰ

(ੲ) ਲਗਾਮ (ਸ) ਗੰਢ

5. ਵਿਆਹ ਦਾ ਸਮਾਗਮ ਬਹੁਤ ਵਧੀਆ ਚੱਲ ਰਿਹਾ ਸੀ ਪਰ ਕੁੱਝ ਸ਼ਰਾਬੀਆਂ ਨੇ ਖਰੂਦ ਕਰਕੇ ..........

(ੳ) ਭਾਂਡਾ ਚੁਰਾਹੇ ਵਿੱਚ ਭੰਨ ਦਿੱਤਾ (ਅ) ਰੰਗ ਵਿੱਚ ਭੰਗ ਪਾ ਦਿੱਤੀ

(ੲ) ਬਾਤ ਦਾ ਬਤੰਗੜ ਬਣਾ ਦਿੱਤਾ (ਸ) ਪਾਣੀ ਸਿਰੋਂ ਲੰਘਾ ਦਿੱਤਾ

ਉੱਤਰ ਕੁੰਜੀ:- 1.(ਅ) 2.(ੲ) 3.(ੲ) 4.(ੲ) 5.(ਅ)

6. 'ਪੱਗ ਨੂੰ ਹੱਥ ਪਾਉਣਾ' ਮੁਹਾਵਰੇ ਦੇ ਢੁਕਵੇਂ ਅਰਥ ਦੱਸੋ।

ਉੱਤਰ:-ਇੱਜ਼ਤ ਲਾਹੁਣ ਦਾ ਯਤਨ ਕਰਨਾ।

7. ' ਸੋਚ ਵਿਚਾਰ ਨਾ ਕਰਨੀ ' ਅਰਥ ਲਈ ਢੁਕਵਾਂ ਮੁਹਾਵਰਾ ਦੱਸੋ।

ਉੱਤਰ:-ਨਾ ਹੀਲ ਨਾ ਦਲੀਲ।

8. ਜਦੋਂ ਦਾ ਮੈ ਬਿਮਾਰ ਪਿਆਂ ਹਾਂ, ਮੇਰੇ ਪੁੱਤਰ ਨੇ ਮੇਰੀ …….. ਨਹੀਂ ਪੱਛੀ।

ਉੱਤਰ:-ਬਾਤ

9. ਮੈ ਉਸ ਨੂੰ ਬਹੁਤ…………., ਪਰ ਉਸ ਨੇ ਇੱਕ ਨਾ ਮੰਨੀ।ਉਪਰੋਕਤ ਵਾਕ ਵਿੱਚ ਢੁਕਵਾਂ ਮੁਹਾਵਰਾ ਚੁਣ ਕੇ ਲਿਖੋ।

ਉਤਰ:-ਵਾਸਤੇ ਪਾਏ

10. ' ਲਹੂ ਪਸੀਨਾ ਇੱਕ ਕਰਨਾ ' ਮੁਹਾਵਰੇ ਦੇ ਢੁਕਵੇਂ ਅਰਥ ਲਿਖੋ।

ਉੱਤਰ:-ਕਰੜੀ ਮਿਹਨਤ ਕਰਨੀ